# SET 2016

## PAPER – II

## PUNJABI

| | |
|---|---|
| Signature of the Invigilator | Question Booklet No. 330017 |
| 1. | OMR Sheet No.. ................................... |
| **Subject Code** 33 | **ROLL No.** |
| **Time Allowed : 75 Minutes** | **Max. Marks : 100** |
| No. of pages in this Booklet : **8** | No. of Questions : **50** |

### INSTRUCTIONS FOR CANDIDATES

1. Write your Roll No. and the OMR Sheet No. in the spaces provided on top of this page.
2. Fill in the necessary information in the spaces provided on the OMR response sheet.
3. This booklet consists of fifty (50) compulsory questions each carrying 2 marks.
4. Examine the question booklet carefully and tally the number of pages/questions in the booklet with the information printed above. **Do not accept a damaged or open booklet**. Damaged or faulty booklet may be got replaced within the first **5** minutes. Afterwards, neither the Question Booklet will be replaced nor any extra time given.
5. Each Question has four alternative responses marked (A), (B), (C) and (D) in the OMR sheet. You have to completely darken the circle indicating the most appropriate response against each item as in the illustration.

   (A) (B) ● (D)

6. All entries in the common OMR response sheet for Papers I and II are to be recorded in the original copy only.
7. Use only Blue/Black Ball point pen.
8. Rough Work is to be done on the blank pages provided at the end of this booklet.
9. If you write your Name, Roll Number, Phone Number or put any mark on any part of the OMR Sheet, except in the spaces allotted for the relevant entries, which may disclose your identity, or use abusive language or employ any other unfair means, you will render yourself liable to disqualification.
10. You have to return the Original OMR Sheet to the invigilators at the end of the examination compulsorily and must not carry it with you outside the Examination Hall. **You are, however, allowed to carry the test booklet and the duplicate copy of OMR Sheet** on conclusion of examination.
11. Use of any calculator, mobile phone or log table etc. is strictly prohibited.
12. **There is no negative marking.**

**33-16**



SEAL

## PAPER–II
## PUNJABI

1. ਟ, ਠ, ਡ ਕਿਹੜੀਆਂ ਧੁਨੀਆਂ ਹਨ ?

(A) ਦੰਤੀ (B) ਉਲਟ ਜੀਭੀ

(C) ਕੰਠੀ (D) ਤਾਲਵੀ

2. ਮਲਵਈ ਉਪਭਾਸ਼ਾ ਕਿਹੜੇ ਇਲਾਕੇ ਵਿੱਚ ਬੋਲੀ ਜਾਂਦੀ ਹੈ ?

(A) ਫਾਜ਼ਲਿਕਾ, ਮੋਗਾ (B) ਮੋਗਾ, ਅੰਮ੍ਰਿਤਸਰ

(C) ਲੁਧਿਆਣਾ, ਹੁਸ਼ਿਆਰਪੁਰ (D) ਜਲੰਧਰ, ਬਠਿੰਡਾ

3. 'ਏ' ਨਾਲ ਕਿੰਨੀਆਂ ਲਗਾਂ ਮਾਤਰਾ ਲਗਦੀਆਂ ਹਨ ?

(A) ਇਕ (B) ਦੋ

(C) ਤਿੰਨ (D) ਇਨ੍ਹਾਂ ਵਿੱਚੋਂ ਕੋਈ ਨਹੀਂ

4. ਇੱਕ ਖੇਤਰ ਦੇ ਵੱਖ-ਵੱਖ ਖਿੱਤਿਆਂ ਵਿੱਚ ਬੋਲੀ ਜਾਣ ਵਾਲੀ ਭਾਸ਼ਾ ਨੂੰ ਕਿਹਾ ਜਾਂਦਾ ਹੈ :

(A) ਅਪ ਭਾਸ਼ਾ (B) ਉਪ ਭਾਸ਼ਾ

(C) ਟਕਸਾਲੀ ਭਾਸ਼ਾ (D) ਇਨ੍ਹਾਂ ਵਿੱਚੋਂ ਕੋਈ ਨਹੀਂ

5. ਹੇਠ ਲਿਖਿਆਂ ਵਿੱਚੋਂ ਕਿਹੜੀ ਭਾਸ਼ਾ ਦੀ ਵਿਸ਼ੇਸ਼ਤਾ ਨਹੀਂ ਹੈ ?

(A) ਭਾਸ਼ਾ ਸਿਸਟਮਬੱਧ ਹੈ

(B) ਭਾਸ਼ਾ ਆਹੁਦਰੀ ਹੈ

(C) ਭਾਸ਼ਾ ਬੰਦ ਰੂਪ ਹੈ

(D) ਭਾਸ਼ਾ ਪਰੰਪਰਾ ਦੁਆਰਾ ਪ੍ਰਾਪਤ ਹੁੰਦੀ ਹੈ

6. 'ਭਾਸ਼ਾ' ਸ਼ਬਦ ਦੀ ਨਿਰੁਕਤੀ ਕਿਹੜੇ ਸੰਸਕ੍ਰਿਤ ਧਾਤੂ ਤੋਂ ਹੋਈ ਹੈ ?

(A) ਭਾਸ਼ਕ (B) ਭਾਸ਼

(C) ਭਾਸ਼ਣ (D) ਭਾਗ

7. ਜਿਸ ਵਾਕ ਵਿੱਚ ਕੇਵਲ ਇਕ ਹੀ ਕਿਰਿਆ ਹੋਵੇ, ਉਸ ਨੂੰ ਕਹਿੰਦੇ ਹਨ :

(A) ਸਧਾਰਨ ਵਾਕ (B) ਸੰਯੁਕਤ ਵਾਕ

(C) ਮਿਸ਼ਰਤ ਵਾਕ (D) ਇਨ੍ਹਾਂ ਵਿੱਚੋਂ ਕੋਈ ਨਹੀਂ

8. ਪੰਜਾਬੀ ਵਿੱਚ ਕਿਹੜੇ ਅਰਧ ਸਵਰ/ਵਿਅੰਜਨ ਹਨ ?

(A) ਵ, ਲ (B) ਵ, ੜ

(C) ਯ, ੜ (D) ਯ, ਵ

9. ਚਾਰਲਸ ਸੈਂਡਰਸ ਪੀਅਰਸ ਦਾ ਸੰਬੰਧ ਚਿੰਨ੍ਹ ਵਿਗਿਆਨ ਦੀ ਕਿਸ ਪਰੰਪਰਾ ਨਾਲ ਹੈ ?

(A) ਰੂਸੀ (B) ਅਮਰੀਕੀ

(C) ਚੀਨੀ (D) ਫਰਾਂਸੀਸੀ

10. ਹੇਠ ਲਿਖਿਆਂ ਵਿੱਚੋਂ ਕਿਹੜਾ ਜੁੱਟ ਸਹੀ ਹੈ ?

(A) ਸਿਧਾਂਤਕ ਭਾਸ਼ਾ ਵਿਗਿਆਨ — ਸੁਖਵਿੰਦਰ ਸਿੰਘ ਸੰਘਾ

(B) ਪੰਜਾਬੀ ਭਾਸ਼ਾ ਦਾ ਸਰੋਤ ਤੇ — ਹਰਕੀਰਤ ਸਿੰਘ ਬਣਤਰ

(C) ਪੰਜਾਬੀ ਭਾਸ਼ਾ ਵਿਗਿਆਨ — ਕਰਤਾਰ ਸਿੰਘ ਸੂਰੀ

(D) ਪੰਜਾਬੀ ਭਾਸ਼ਾ ਸਰੋਤ ਤੇ — ਡਾ. ਪ੍ਰੇਮ ਪ੍ਰਕਾਸ਼ ਸਿੰਘ ਸਰੂਪ

11. ਜਿਸ ਸ਼ਬਦ ਸ਼ਕਤੀ ਦੇ ਦੁਆਰਾ ਵਿਅੰਗਾਰਥਾਂ ਦਾ ਬੋਧ ਹੁੰਦਾ ਹੈ ਉਸ ਨੂੰ ਕਿਹਾ ਜਾਂਦਾ ਹੈ :

(A) ਅਭਿਧਾ (B) ਲਕਸ਼ਣਾ

(C) ਵਿਅੰਜਨਾ (D) ਵਾਕਯਸ਼ੇਸ਼

12. ਕਾਲਕ੍ਰਮਿਕ ਅਧਿਐਨ ਭਾਸ਼ਾ ਦੀ ਕਿਸ ਅਵਸਥਾ ਦਾ ਅਧਿਐਨ ਹੁੰਦਾ ਹੈ ?

(A) ਗਤੀਹੀਣ (B) ਗਤੀਸ਼ੀਲ

(C) ਟਿਕਵਾਂ (D) ਵਰਣਾਤਮਕ

13. ਕਿਹੜੇ ਵਿਦਵਾਨਾਂ ਦਾ ਜੁੱਟ ਮਾਰਕਸਵਾਦੀ ਚਿੰਤਨ-ਪ੍ਰਣਾਲੀ ਨਾਲ ਸੰਬੰਧਤ ਹੈ ?
(A) ਕਾਰਲ ਮਾਰਕਸ, ਸਿਗਮੰਡ ਫ਼ਰਾਇਡ, ਕਲਾਦ ਲੈਵੀ ਸਤ੍ਰਾਉਸ
(B) ਕਾਰਲ ਮਾਰਕਸ, ਏਂਗਲਜ਼ ਟਾਇਨਬੀ, ਪੀਅਰਸ
(C) ਫ਼ਰਦੀਨ 'ਦ ਸਾਸਿਊਰ, ਟੀ. ਐੱਸ. ਈਲੀਅਟ, ਜੂਲੀਆ ਕ੍ਰਿਸਤੀਵਾ
(D) ਕਾਰਲ ਮਾਰਕਸ, ਏਂਗਲਜ਼, ਜਾਰਜ ਲੂਕਾਚ

14. ਸ਼ੈਲੀ-ਵਿਗਿਆਨ ਦਾ ਆਧਾਰ-ਸਰੋਤ ਹੈ :
(A) ਸਮਾਜ ਵਿਗਿਆਨ (B) ਮਨੋਵਿਗਿਆਨ
(C) ਭਾਸ਼ਾ ਵਿਗਿਆਨ (D) ਦਰਸ਼ਨ ਸ਼ਾਸਤਰ

15. ਇਨ੍ਹਾਂ ਵਿੱਚੋਂ ਕਿਹੜਾ ਲੱਛਣ ਰੁਮਾਂਸਵਾਦ ਦਾ ਨਹੀਂ ਹੈ ?
(A) ਵਰਤਮਾਨ ਤੋਂ ਅਸੰਤੁਸ਼ਟਤਾ
(B) ਸੁਤੰਤਰਤਾ
(C) ਅਤੀਤ ਦੀ ਪ੍ਰਸੰਸਾ ਅਤੇ ਮਹਿਮਾਂ
(D) ਬਸਤੀਵਾਦ ਦਾ ਵਿਰੋਧ

16. 'ਪਰਾ ਸਮੀਖਿਆ' (ਮੈਟਾ ਕ੍ਰਿਟੀਸਿਜ਼ਮ) ਤੋਂ ਭਾਵ ਨਹੀਂ ਹੈ :
(A) ਸਮੀਖਿਆ ਦੀ ਸਮੀਖਿਆ
(B) ਆਲੋਚਨਾ ਉਪਰ ਕੀਤਾ ਕਿਆ ਚਿੰਤਨ
(C) ਚਿੰਤਨ ਸੰਬੰਧੀ ਚਿੰਤਨ
(D) ਕਿਸੇ ਰਚਨਾ ਦੀ ਆਲੋਚਨਾ

17. ਇਨ੍ਹਾਂ ਵਿੱਚੋਂ ਖੋਜ-ਵਿਧੀ ਦਾ ਕਿਹੜਾ ਚਰਣ ਮੁੱਖ ਚਰਚਾ ਵਿੱਚ ਸ਼ਾਮਿਲ ਨਹੀਂ ਕੀਤਾ ਜਾਂਦਾ ?
(A) ਪ੍ਰਤੱਖਣ (B) ਪ੍ਰਾਕਕਲਪਨਾ
(C) ਪਰੀਖਣ ਜਾਂ ਪੜਤਾਲ (D) ਵਿਆਖਿਆ

18. 'ਪੁਸਤਕਾਂ, ਪੁਸਤਕਾਂ ਵਿੱਚੋਂ ਜਨਮਦੀਆਂ ਹਨ।' ਵਿਚਾਰ ਦਾ ਜਨਮਦਾਤਾ ਕੌਣ ਹੈ ?
(A) ਤੋਮਾਸ਼ੇਵਸਕੀ (B) ਲੋਨਜਾਈਨਸ
(C) ਨਾਰਥੋ ਫ਼ਰਾਈ (D) ਟੀ. ਐੱਸ. ਈਲੀਅਟ

19. A: ਸਾਹਿਤ-ਆਲੋਚਨਾ ਆਲੋਚਨਾ-ਸੰਗ੍ਰਹਿ ਨਹੀਂ, ਇੱਕੋ ਵੇਲੇ ਵਾਕਿਆ ਸਾਰਾ-ਦ੍ਰਿਸ਼ ਹੈ।
R: ਇਹ ਦ੍ਰਿਸ਼ ਮਹਾਨ ਲੇਖਕਾਂ ਦੇ ਨਾਲ-ਨਾਲ ਬਹੁਗਿਣਤੀ ਅਮਹਾਨ ਲੇਖਕਾਂ ਦਾ ਨਹੀਂ ਹੁੰਦਾ ਸਗੋਂ ਪਹਿਲੀ ਕਤਾਰ ਦੇ ਲੇਖਕਾਂ ਦਾ ਹੀ ਹੁੰਦਾ ਹੈ।
(A) A ਆਂਸ਼ਿਕ ਸਹੀ ਹੈ, R ਸਹੀ ਹੈ
(B) A ਸਹੀ ਹੈ, R ਆਂਸ਼ਿਕ ਸਹੀ ਹੈ
(C) A ਅਤੇ R ਦੋਵੇਂ ਆਂਸ਼ਿਕ ਸਹੀ ਹਨ
(D) A ਆਂਸ਼ਿਕ ਸਹੀ ਹੈ, R ਸਹੀ ਹੈ

20. ਵਾਦ-ਚਿੰਤਨ ਪੁਸਤਕ ਕਿਸ ਲੇਖਕ ਦੀ ਹੈ ?
(A) ਕਿਸ਼ਨ ਸਿੰਘ (B) ਸੁਰਜੀਤ ਸਿੰਘ ਭੱਟੀ
(C) ਹਰਿਭਜਨ ਸਿੰਘ (D) ਸੰਤ ਸਿੰਘ ਸੇਖੋਂ

21. ਪੰਜਾਬੀ ਵਿੱਚ ਪ੍ਰਗਤੀਵਾਦੀ ਆਲੋਚਨਾ ਦਾ ਮੁੱਢ ਕਿਸ ਚਿੰਤਕ ਨਾਲ ਬੱਝਦਾ ਹੈ ?
(A) ਤਰਲੋਕ ਸਿੰਘ ਕੰਵਰ (B) ਨੱਜਮ ਹੁਸੈਨ ਸੱਈਦ
(C) ਹਰਿਭਜਨ ਸਿੰਘ ਭਾਟੀਆ (D) ਸੰਤ ਸਿੰਘ ਸੇਖੋਂ

22. ਖੋਜ-ਪ੍ਰਬੰਧ ਲਿਖਣ ਦੀ ਤਕਨੀਕ ਦਾ ਸਹੀ ਜੁੱਟ ਹੈ :
(A) ਪ੍ਰਾਪਤ ਸਮੀਖਿਆ, ਵਿਆਖਿਆ, ਪ੍ਰਸ਼ੰਸਾਮੂਲਕ
(B) ਤੱਥਾਂ ਦਾ ਸੰਕਲਨ, ਨਿਰਖ ਪਰਖ, ਮੌਲਿਕਤਾ, ਸਿੱਟਿਆਂ ਦੀ ਨਿਆਇਕਤਾ
(C) ਨਕਲ, ਵਿਆਖਿਆ, ਮੈਟਾ ਅਧਿਐਨ
(D) ਵਿਹਾਰਕ ਸਮੀਖਿਆ ਵਿਆਖਿਆ, ਅਤਾਰਕਿਕ ਸਿੱਟੇ ਤੇ ਸਥਾਪਨਾਵਾਂ

23. A: ਕਲਾਵਾਦੀਆਂ ਦਾ ਮੱਤ ਹੈ ਕਿ ਕਲਾ ਦੀ ਸਿਰਜਨ ਪ੍ਰਕਿਰਿਆ ਇਕ ਸ੍ਵਛੰਦ ਪ੍ਰਕਿਰਿਆ ਹੈ, ਇਹ ਮਨ ਦੇ ਅੰਦਰੋਂ ਜਨਮ ਲੈਣ ਵਾਲੀ ਅਤੇ ਮਾਨਸਿਕ ਸਤਰ ਤੇ ਸੰਚਰਿਤ ਹੋਣ ਵਾਲੀ ਕਿਰਿਆ ਹੈ।
R: ਅਕਸਰ ਇਹ ਕਈ ਪ੍ਰਕਾਰ ਦੇ ਬਾਹਰੀ ਨਿਯੰਤਰਣ ਨੂੰ ਵੀ ਸਵੀਕਾਰ ਕਰਦੀ ਰਹਿੰਦੀ ਹੈ।
(A) A ਸਹੀ ਹੈ, R ਆਂਸ਼ਿਕ ਸਹੀ ਹੈ
(B) A ਅਤੇ R ਦੋਵੇਂ ਸਹੀ ਹਨ
(C) A ਸਹੀ ਹੈ R ਗ਼ਲਤ ਹੈ
(D) A ਆਂਸ਼ਿਕ ਸਹੀ ਹੈ, R ਸਹੀ ਹੈ

24. ਸੂਚੀ-I ਸੂਚੀ-II

| ਸੂਚੀ-I | | ਸੂਚੀ-II | |
|---|---|---|---|
| (a) | ਰੁਮਾਂਸਵਾਦ | (i) | ਬਾਦ ਲੇਅਰ |
| (b) | ਪ੍ਰਤੀਕਵਾਦ | (ii) | ਕੀਟਸ |
| (c) | ਸੁਹਜਵਾਦ | (iii) | ਆਸਕਰ ਵਾਈਲਡ |
| (d) | ਕਲਾਵਾਦ | (iv) | ਮਲਾਰਮੇ |

ਉਪਰੋਕਤ ਵਿੱਚ ਸਹੀ ਕ੍ਰਮ ਹੈ :

| | (a) | (b) | (c) | (d) |
|---|---|---|---|---|
| (A) | (ii) | (iv) | (i) | (iii) |
| (B) | (i) | (iii) | (iv) | (ii) |
| (C) | (iii) | (ii) | (i) | (iv) |
| (D) | (ii) | (iii) | (ii) | (iv) |

25. ਸਾਹਿਤ ਅਕਾਦਮੀ ਅਤੇ ਸਰਸਵਤੀ ਸਨਮਾਨ ਪ੍ਰਾਪਤ ਲੇਖਕਾਂ ਦਾ ਸਹੀ ਜੁੱਟ ਹੈ :
(A) ਹਰਿਭਜਨ ਸਿੰਘ, ਅੰਮ੍ਰਿਤਾ ਪ੍ਰਤੀਮ
(B) ਦਲੀਪ ਕੌਰ ਟਿਵਾਣਾ, ਗੁਰਦਿਆਲ ਸਿੰਘ
(C) ਸੁਰੀਤ ਪਾਤਰ, ਅੰਮ੍ਰਿਤਾ ਪ੍ਰੀਤਮ
(D) ਹਰਿਭਜਨ ਸਿੰਘ, ਸੁਰਜੀਤ ਪਾਤਰ

26. 'ਸਾਹਿਤ ਦੀ ਸਮਝ' ਪੁਸਤਕ ਦੇ ਰਚੈਤਾ ਹਨ :
(A) ਹਰਿਭਜਨ ਸਿੰਘ (B) ਸੰਤ ਸਿੰਘ ਸੇਖੋਂ
(C) ਕਿਸ਼ਨ ਸਿੰਘ (D) ਅਤਰ ਸਿੰਘ

27. ਰਸ-ਅਨੁਭੂਤੀ ਤੋਂ ਭਾਵ ਹੈ :
(A) ਸੌਂਦਰਯ ਅਨੁਭੂਤੀ (B) ਸੰਵੇਦਨ ਸ਼ਕਤੀ
(C) ਕਲਾ ਪ੍ਰਤਿਭਾ (D) ਬੋਲ-ਸ਼ਕਤੀ

28. ਸੋਸਿਊਰ ਦੀ ਸਿਮਿਔਲੋਜੀ ਨੂੰ ਆਧਾਰ ਬਣਾ ਕੇ ਅੱਗੇ ਤੁਰਨ ਵਾਲੇ ਚਿੰਤਕਾਂ ਦਾ ਸਹੀ ਜੁੱਟ ਹੈ :
(A) ਲੇਵੀ ਸਤ੍ਰਾਸ, ਲਾਕਾਂ, ਰੋਲਾਂ ਬਾਰਤ
(B) ਜੂਲੀਆ ਕ੍ਰਿਸਤੇਵਾ ਕਾਰਲੋਸੀਨੀ, ਦੈਰਿਦਾ
(C) ਪਿਅਰਸ, ਲਾਕਾਂ, ਦੈਰਿਦਾ
(D) ਕਾਰਲੋਸੀਨੀ, ਪਿਅਰਸ, ਲੇਵੀ ਤ੍ਰਾਸ

29. ਐਪਿਕ ਥੀਏਟਰ ਟਰਮ ਦੀ ਵਰਤੋਂ ਕਿਸਨੇ ਸ਼ੁਰੂ ਕੀਤੀ ?
(A) ਇਬਸਨ (B) ਬਰਨਾਰਡ ਸ਼ਾਹ
(C) ਬਰਤੋਲਤ ਬ੍ਰਖ਼ਤ (D) ਅਰਸਤੂ

30. ਸਾਹਿਤ ਵਿਗਿਆਨ ਦਾ ਮੂਲ ਸਰੋਕਾਰ ਹੈ :
(A) ਅਨੁਰਤ ਸ਼ਕਤੀਆਂ ਦਾ ਅਧਿਐਨ
(B) ਸਾਹਿਤ ਜੁਗਤ ਦੀ ਪਛਾਣ
(C) ਸਾਹਿਤ ਦਾ ਪ੍ਰਤੱਖਣ
(D) ਸੰਕਲਪ-ਸਿਸਟਮ ਦੀ ਰਚਨਾ

31. ਜਿਗਰਪਾਟਾ ਸਾਹਿਤ ਦੇ ਕਿਸ ਰੂਪ ਨਾਲ ਸੰਬੰਧਤ ਹੈ ?
(A) ਮਹਾਂਕਾਵਿ (B) ਸੰਸਮਰਣ
(C) ਵਾਰਤਕ (D) ਕਵਿਤਾ

32. 'ਪੰਜਾਬੀ ਨਾਟਕ ਆਲੋਚਨਾ ਸ਼ਬਦਾਵਲੀ ਕੋਸ਼' ਦੇ ਰਚੈਤਾ ਹਨ :
(A) ਓ. ਪੀ. ਵਸ਼ਿਸ਼ਟ (B) ਉਮਾ ਸੇਠੀ
(C) ਸਤੀਸ਼ ਕੁਮਾਰ ਵਰਮਾ (D) ਆਤਮਜੀਤ

33. ਕਾਵਿ ਹੋਂਦ ਦੇ ਪ੍ਰਮੁੱਖ ਪ੍ਰਤੀਮਾਨ ਹਨ :
(A) ਧੁਨੀ, ਅਨੁਭਵ ਅਤੇ ਭਾਸ਼ਾ
(B) ਧੁਨੀ, ਅਰਥ ਅਤੇ ਮੂਰਤ
(C) ਅਰਥ, ਕਾਵਿ-ਭਾਸ਼ਾ ਅਤੇ ਸੁਹਜ
(D) ਇਨ੍ਹਾਂ ਵਿੱਚੋਂ ਕੋਈ ਨਹੀਂ

34. ਮਹਾਂਕਾਵਿ ਦੇ ਪ੍ਰਧਾਨ ਰਸ ਹਨ :
(A) ਸ਼ਿੰਗਾਰ, ਵੀਰ ਅਤੇ ਸ਼ਾਂਤ ਰਸ
(B) ਸ਼ਿੰਗਾਰ, ਵੀਭਤਸ, ਰੁਦਰ ਰਸ
(C) ਵੀਰ, ਸ਼ਿੰਗਾਰ, ਰੁਦਰ ਰਸ
(D) ਸ਼ਾਂਤ, ਵੀਰ ਅਤੇ ਵੀਭਤਸ ਰਸ

35. 'ਅਭਿਗਿਆਨ ਸ਼ਕੁੰਤਲਮ' ਅਤੇ 'ਮੇਘਦੂਤਮ' ਵਿਚਕਾਰ ਕੀ ਸਮਾਨਤਾ ਹੈ ?
(A) ਦੋਵੇਂ ਕਾਵਿ ਰਚਨਾਵਾਂ ਹਨ
(B) ਦੋਵੇਂ ਕਾਵਿ ਨਾਟਕ ਹਨ
(C) ਦੋਵੇਂ ਅਨੁਵਾਦਤ ਗ੍ਰੰਥ ਹਨ
(D) ਕੋਈ ਸਮਾਨਤਾ ਨਹੀਂ

ਗ਼ਜ਼ਲ ਦੇ ਪ੍ਰਮਾਣਿਕ ਅੰਗਾਂ ਦੀ ਸਹੀ ਜੁੱਟ ਹੈ :

(A) ਆਸ਼ਕਾਨਾ, ਜਜ਼ਬਾਤੀ, ਪਾਕੀਜ਼ਗੀ

(B) ਰਿੰਦਾਨਾ, ਆਸ਼ਕਾਨਾ, ਮਧੁਰਤਾ

(C) ਅਕ੍ਰਸ਼ਠਤਾ, ਰਿੰਦਾਨਾ, ਸ਼ੋਖੀ

(D) ਆਸ਼ਕਾਨਾ, ਰਿੰਦਾਨਾਂ, ਸੂਫ਼ੀਆਨਾ

7. ਕਿਹੜਾ ਜੁੱਟ ਸਹੀ ਹੈ ?

(A) ਵਕੋਕਤੀ — ਕਸ਼ਮੇਂਦਰ

(B) ਅੰਲਕਾਰ — ਕੁੰਤਕ

(C) ਰੀਤੀ — ਅਚਾਰੀਆ ਵਾਮਨ

(D) ਰਸ — ਦੰਡੀ

38. 'ਈਸ਼ਰ ਆਏ ਦਲਿੱਦਰ ਜਾਏ, ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾਏ' ਦਾ ਸੰਬੰਧ ਕਿਸ ਤਿਉਹਾਰ ਨਾਲ ਹੈ ?

(A) ਦੁਸ਼ਹਿਰਾ (B) ਹੋਲੀ

(C) ਲੋਹੜੀ (D) ਵਿਸਾਖੀ

39. ਬਸੰਤ ਪੰਚਮੀ ਦੇ ਮੇਲੇ ਲਈ ਕਿਹੜਾ ਸ਼ਹਿਰ ਪ੍ਰਸਿੱਧ ਹੈ ?

(A) ਤਲਵੰਡੀ ਸਾਬੋ (B) ਪਟਿਆਲਾ

(C) ਫਤਿਹਗੜ੍ਹ (D) ਤਰਨਤਾਰਨ

40.

| | ਸੂਚੀ-I | | ਸੂਚੀ-II |
|---|---|---|---|
| (a) | ਹਰਿਭਜਨ ਸਿੰਘ | (i) | ਲੋਕਧਾਰਾ |
| (b) | ਸੋਹਿੰਦਰ ਸਿੰਘ ਬੇਦੀ | (ii) | ਲੋਕਯਾਨ |
| (c) | ਕਰਨੈਲ ਸਿੰਘ ਥਿੰਦ | (iii) | ਲੋਕ ਪਰੰਪਰਾ |
| (d) | ਤੇਜਾ ਸਿੰਘ | (iv) | ਲੋਕਵੇਦ |

ਉਪਰੋਕਤ ਦਾ ਸਹੀ ਕ੍ਰਮ ਹੈ :

| | (a) | (b) | (c) | (d) |
|---|---|---|---|---|
| (A) | (ii) | (i) | (iii) | (iv) |
| (B) | (i) | (iii) | (iv) | (ii) |
| (C) | (iv) | (i) | (ii) | (iii) |
| (D) | (iii) | (ii) | (iv) | (i) |

41. ਲੋਕਯਾਨ ਨੂੰ ਹੇਠ ਲਿਖੇ ਮੁਤਾਬਿਕ ਪਰਿਭਾਸ਼ਤ ਕੀਤਾ ਜਾ ਸਕਦਾ ਹੈ :

(A) ਲੋਕਨੀਤੀ ਸ਼ਾਸਤਰ, ਲੋਕ ਅਨੁਭਵ, ਲੋਕ ਸਾਹਿਤ, ਪਰੰਪਰਾ

(B) ਪਰੰਪਰਾ, ਲੋਕ ਸੰਸਕ੍ਰਿਤੀ, ਲੋਕ ਮਾਨਸ ਦੀ ਅਭਿਵਿਅਕਤੀ, ਲੋਕ ਪ੍ਰਵਾਨਗੀ

(C) ਅਨੁਸ਼ਠਾਨ, ਕਲਾ, ਲੋਕ ਬੋਲੀ, ਪ੍ਰਾਚੀਨ ਸਭਿਆਚਾਰਾਂ ਦੇ ਅਵਸ਼ੇਸ਼

(D) ਲੋਕ ਵਿਸ਼ਵਾਸ, ਲੋਕ ਕਿੱਤੇ, ਲੋਕ ਅਭਿਵਿਅਕਤੀ, ਲੋਕ ਸਮੂਹ

42. "ਪੰਜਾਬੀ ਬੁਝਾਰਤ ਕੋਸ਼" ਪੁਸਤਕ ਦਾ ਲੇਖਕ ਕੌਣ ਹੈ ?

(A) ਓਮ ਪ੍ਰਕਾਸ਼ ਗਾਸੋ (B) ਜੀਤ ਸਿੰਘ ਜੋਸ਼ੀ

(C) ਭੁਪਿੰਦਰ ਸਿੰਘ ਖਹਿਰਾ (D) ਸੁਖਦੇਵ ਮਾਦਪੁਰੀ

43. ਲੋਕ ਗਾਥਾ ਉੱਤੇ ਆਧਾਰਿਤ ਪੰਜਾਬੀ ਰਚਨਾਵਾਂ ਦਾ ਸਹੀ ਜੁੱਟ ਹੈ :

(A) ਲੂਣਾ, ਸੁੰਦਰਾਂ, ਰਾਜਾ ਰਸਾਲੂ, ਸਲਵਾਨ

(B) ਸੁੰਦਰਾਂ, ਇੱਛਰਾਂ, ਸਲਵਾਨ, ਪੂਰਨ ਨਾਥ ਜੋਗੀ

(C) ਝਨਾਂ ਦੇ ਪਾਣੀ, ਕਿੰਗ ਮਿਰਜਾ ਤੇ ਸਪੇਰਾ, ਹੀਰ, ਸੁੰਦਰਾਂ

(D) ਰਾਣੀ ਜਿੰਦਾਂ, ਸੁੰਦਰਾਂ, ਪੂਰਨ ਨਾਥ ਜੋਗੀ, ਇੱਛਰਾਂ

44. ਟੋਟਮ ਤੋਂ ਕੀ ਭਾਵ ਹੈ ?

(A) ਸਭਿਆਚਾਰਕ ਰੋਕ (B) ਸਭਿਆਚਾਰਕ ਪਛਾਣ

(C) ਸਭਿਆਚਾਰਕ ਮਾਨਤਾ (D) ਸਭਿਆਚਾਰਕ ਰੀਤ

45.

| | ਸੂਚੀ-I | | ਸੂਚੀ-II |
|---|---|---|---|
| (a) | ਪੰਜਾਬੀ ਸਭਿਆਚਾਰ | (i) | ਟੀ. ਆਰ. ਵਿਨੋਦ |
| (b) | ਪੰਜਾਬੀ ਸਭਿਆਚਾਰ ਦੇ ਪਛਾਣ ਚਿੰਨ੍ਹ | (ii) | ਗੁਰਬਖ਼ਸ਼ ਸਿੰਘ ਫਰੈਂਕ |
| (c) | ਸੰਸਕ੍ਰਿਤੀ : ਸਿਧਾਂਤ ਅਤੇ ਵਿਹਾਰ | (iii) | ਡਾ. ਜਸਵਿੰਦਰ ਸਿੰਘ |
| (d) | ਸਭਿਆਚਾਰ ਅਤੇ ਪੰਜਾਬੀ ਸਭਿਆਚਾਰ | (iv) | ਓਮ ਪ੍ਰਕਾਸ਼ ਗਾਸੋ |

ਉਪਰੋਕਤ ਦਾ ਸਹੀ ਕ੍ਰਮ ਹੈ :

| | (a) | (b) | (c) | (d) |
|---|---|---|---|---|
| (A) | (iii) | (iv) | (ii) | (i) |
| (B) | (iv) | (iii) | (i) | (ii) |
| (C) | (iv) | (i) | (ii) | (iii) |
| (D) | (iii) | (ii) | (iv) | (i) |

46. A: ਸਭਿਆਚਾਰ ਤੇ ਸਭਿਅਤਾ ਨੂੰ ਵਿਦਵਾਨ ਇੱਕੋ ਅਰਥ ਵਿੱਚ ਗ੍ਰਹਿਣ ਕਰਦੇ ਹਨ ਪਰ ਇਨ੍ਹਾਂ ਦੋਹਾਂ ਵਿੱਚ ਭੇਦ ਹੈ।

R: ਸਮਾਜ ਵਿਗਿਆਨੀਆਂ ਵਲੋਂ ਸਭਿਆਚਾਰ ਸ਼ਬਦ ਦੀ ਵਰਤੋਂ ਕਿਸੇ ਖਿੱਤੇ ਦੇ ਸੰਪੂਰਣ ਜੀਵਨ ਜੀਊਣ ਦੇ ਢੰਗ ਲਈ ਕੀਤੀ ਗਈ ਹੈ ਅਤੇ ਸਭਿਅਤਾ ਸ਼ਬਦ ਦੀ ਵਰਤੋਂ ਵੱਧ ਵਿਗਿਆਨਕ ਤਰੱਕੀ ਲਈ ਕੀਤੀ ਗਈ ਹੈ।

(A) A ਆਂਸ਼ਿਕ ਸਹੀ ਹੈ, R ਗ਼ਲਤ ਹੈ

(B) A ਸਹੀ ਹੈ, R ਆਂਸ਼ਿਕ ਸਹੀ ਹੈ

(C) A ਅਤੇ R ਦੋਵੇਂ ਆਂਸ਼ਿਕ ਸਹੀ ਹਨ

(D) A ਅਤੇ R ਦੋਵੇਂ ਸਹੀ ਹਨ

47. A: ਸਭਿਆਚਾਰ ਇਕ ਨਿਰੰਤਰ ਗਤੀਸ਼ੀਲ ਵਰਤਾਰਾ ਹੈ। ਆਮਤੌਰ ਤੇ ਸਾਡੇ ਬਹੁਤੇ ਚਿੰਤਕ ਲੋਕਧਾਰਾ ਤੇ ਸਭਿਆਚਾਰ ਨੂੰ ਸਹਿਜ ਪਰੰਪਰਾ ਵਜੋਂ ਗ੍ਰਹਿਣ ਕਰਨ ਦੇ ਆਦੀ ਹਨ।

R: ਉਹ ਤਬਦੀਲੀ ਦੇ ਅਮਲ, ਨੇਮ ਤੇ ਰੂਪਾਂਤਰਣ ਨੂੰ ਸਵੀਕਾਰ ਨਹੀਂ ਕਰਦੇ।

(A) A ਅਤੇ R ਦੋਵੇਂ ਆਂਸ਼ਿਕ ਸਹੀ ਹਨ

(B) A ਸਹੀ ਹੈ, R ਆਂਸ਼ਿਕ ਸਹੀ ਹੈ

(C) A ਅਤੇ R ਦੋਵੇਂ ਸਹੀ ਹਨ

(D) A ਆਂਸ਼ਿਕ ਸਹੀ ਹੈ, R ਸਹੀ ਹੈ

48. ਲੋਕ ਕਲਾਵਾਂ ਦਾ ਸਹੀ ਜੁੱਟ ਹੈ :

(A) ਕਸੀਦਾਕਾਰੀ, ਫੁੱਲਕਾਰੀ, ਕੰਧ ਚਿੱਤਰ, ਮੂਰਤੀ ਕਲਾ

(B) ਲੋਕ ਚਿੱਤਰਕਾਰੀ, ਬੁੱਤਕਾਰੀ, ਖੁਣਾਈ, ਕਸੀਦਾਕਾਰੀ

(C) ਮੀਨਾਕਾਰੀ, ਗੀਤਕਾਰੀ, ਬੁੱਤਕਾਰੀ, ਸ਼ੀਸ਼ਾਕਾਰੀ

(D) ਰੰਗਸਾਜ਼ੀ, ਬੁੱਤਕਾਰੀ, ਮੀਨਾਕਾਰੀ, ਗੀਤਕਾਰੀ

49. ਲੋਕ ਵਿਸ਼ਵਾਸ ਲਈ ਕਿਹੜਾ ਜੁੱਟ ਸਹੀ ਹੈ ?

(A) ਜੰਤਰ, ਤੰਤਰ, ਮੰਤਰ

(B) ਤਿਲਕ, ਪਿੰਡ ਦਾਨ, ਅਗਨੀ

(C) ਜੋਤਿਸ਼, ਵਰਤ, ਜਨੇਊ

(D) ਸ਼ਗਨ, ਅਪਸ਼ਗਨ, ਘੜਾ ਭੰਨਣਾ

50. "ਸਭਿਆਚਾਰ ਦੇ ਚਾਰ ਅਧਿਆਇ" ਪੁਸਤਕ ਦਾ ਲੇਖਕ ਕੌਣ ਹੈ ?

(A) ਰਾਮਧਾਰੀ ਸਿੰਘ ਦਿਨਕਰ

(B) ਡਾ. ਧਨਵੰਤ ਕੌਰ

(C) ਸੋਹਿੰਦਰ ਸਿੰਘ ਬੇਦੀ

(D) ਹਰਿਭਜਨ ਸਿੰਘ